GOVERNMENT OF WESTERN AUSTRALIA

Working with Children Check

# Factsheet CAT01
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ
# 1: ਬਾਲ ਦੇਖਭਾਲ ਸੇਵਾ

Punjabi | ਪੰਜਾਬੀ

*ਬਾਲ ਦੇਖਭਾਲ ਸੇਵਾ ਨੂੰ* ਚਾਈਲਡ ਕੇਅਰ ਸਰਵਿਸਿਜ਼ ਐਕਟ 2007 *ਦੇ ਸੈਕਸ਼ਨ 4 ਅਤੇ* ਐਜੂਕੇਸ਼ਨ ਐਂਡ ਕੇਅਰ ਸਰਵਿਸਿਜ਼ ਨੈਸ਼ਨਲ ਲਾਅ (ਵੈਸਟਰਨ ਆਸਟ੍ਰੇਲੀਆ) ਦੇ ਸੈਕਸ਼ਨ 5(1) ਦੇ *ਤਹਿਤ ਪਰਿਭਾਸ਼ਿਤ ਕੀਤਾ ਗਿਆ ਹੈ*

ਇਸ ਸ਼੍ਰੇਣੀ ਵਿੱਚ ਸ਼ਾਮਲ ਹਨ:

- ਲੰਬੇ ਦਿਨ ਦੀ ਦੇਖਭਾਲ, ਕੇਂਦਰ-ਅਧਾਰਿਤ ਦੇਖਭਾਲ ਅਤੇ ਕਦੇ-ਕਦਾਈਂ ਦੀ ਦੇਖਭਾਲ
- ਫੈਮਿਲੀ ਡੇਅ ਕੇਅਰ ਅਤੇ ਸਕੂਲ ਤੋਂ ਬਾਅਦ ਦੀ ਫੈਮਿਲੀ ਡੇਅ ਕੇਅਰ
- ਸਕੂਲ ਤੋਂ ਬਾਅਦ ਦੀ ਦੇਖਭਾਲ
- ਲਾਇਸੈਂਸਸ਼ੁਦਾ ਕਰੈੱਚ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ (usual duties)** ਵਿੱਚ **ਬੱਚੇ (child)** ਨਾਲ **ਸੰਪਰਕ (contact)** ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਵਿਅਕਤੀਗਤ ਲਾਇਸੈਂਸਧਾਰੀ ਅਤੇ ਬਾਲ ਦੇਖਭਾਲ ਸੇਵਾਵਾਂ ਦੇ ਪ੍ਰਬੰਧਕੀ ਅਧਿਕਾਰੀ, ਭਾਵੇਂ ਉਹਨਾਂ ਦਾ ਬੱਚਿਆਂ ਨਾਲ ਸੰਪਰਕ ਨਾ ਵੀ ਹੋਵੇ
- ਬਾਲ ਦੇਖਭਾਲ ਸੇਵਾ ਦੇ ਨਿਗਰਾਨ ਅਧਿਕਾਰੀ ਅਤੇ ਤਨਖਾਹ ਵਾਲਾ ਸਟਾਫ਼
- ਫੈਮਿਲੀ ਡੇਅ ਕੇਅਰ ਵਿੱਚ ਸ਼ਾਮਿਲ ਘਰ ਦੇ ਹੋਰ ਬਾਲਗ਼ ਮੈਂਬਰ ਜਿਨ੍ਹਾਂ ਦੀ ਭੂਮਿਕਾ ਹੈ ਜਿਵੇਂ ਕਿ, ਉਹ ਬੱਚਿਆਂ ਨਾਲ ਜੁੜਦੇ ਹਨ ਅਤੇ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ ਜਿਵੇਂ ਕਿ ਕਹਾਣੀਆਂ ਪੜ੍ਹਨਾ ਜਾਂ ਬਾਹਰ ਖੇਡਣਾ

- 18 ਸਾਲ ਤੋਂ ਵੱਧ ਉਮਰ ਦੇ ਪਲੇਸਮੈਂਟ ਕਰ ਰਹੇ **ਵਿਦਿਆਰਥੀ (students)**
- ਗ਼ੈਰ-ਅਧਿਆਪਨ ਸਟਾਫ਼, ਜਿਸ ਵਿੱਚ ਮਾਲੀ, ਸਫ਼ਾਈ-ਸੇਵਕ ਅਤੇ ਰਸੋਈਏ ਸ਼ਾਮਲ ਹਨ, ਜਿਨ੍ਹਾਂ ਦਾ ਰੁਜ਼ਗਾਰ ਸੈਂਟਰ ਦੇ ਕੰਮਕਾਜੀ ਸਮੇਂ ਦੌਰਾਨ ਚਾਈਲਡ ਕੇਅਰ ਸੈਂਟਰ ਵਿੱਚ ਹੁੰਦਾ ਹੈ ਅਤੇ ਜਿਨ੍ਹਾਂ ਦੀਆਂ ਆਮ ਡਿਊਟੀਆਂ ਵਿੱਚ ਬੱਚਿਆਂ ਨਾਲ ਸੰਪਰਕ ਸ਼ਾਮਲ ਹੁੰਦਾ ਹੈ।
- ਸੁਵਿਧਾ ਦੇ ਅੰਦਰ ਮਨੋਰੰਜਕ ਗਤੀਵਿਧੀ ਪ੍ਰਦਾਤੇ, ਉਦਾਹਰਨ ਲਈ ਨਾਚ ਜਾਂ ਕਲਾ ਸਿਖਲਾਈ ਕਰਤਾ, ਜੋ ਬੱਚਿਆਂ ਨਾਲ ਅਜਿਹੀਆਂ ਗਤੀਵਿਧੀਆਂ ਕਰਨ ਲਈ ਆਉਂਦੇ ਹਨ
- **ਵਾਲੰਟੀਅਰ (volunteers)** ਜੋ ਆਪਣੀ ਨੌਕਰੀ-ਭੂਮਿਕਾ ਦੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਪਰਕ ਕਰਦੇ ਹਨ।

## ਛੋਟਾਂ

ਇਸ ਸ਼੍ਰੇਣੀ 'ਤੇ ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- 18 ਸਾਲ ਤੋਂ ਘੱਟ ਉਮਰ ਦੇ **ਬਾਲ (child)** ਵਾਲੰਟੀਅਰ
- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ ਵਿਦਿਆਰਥੀ
- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**
- ਉਸ ਬਾਲ ਦੇਖਭਾਲ ਸੇਵਾ ਵਿੱਚ ਕਿਸੇ **ਮਾਤਾ ਜਾਂ ਪਿਤਾ (parent)** ਵੱਲੋਂ ਵਲੰਟੀਅਰ ਕਰਨਾ ਜਿਸ ਵਿੱਚ ਉਨ੍ਹਾਂ ਦਾ ਬੱਚਾ ਜਾਂਦਾ ਹੈ, Factsheet CRW03 - ਛੋਟਾਂ, ਮਾਤਾ-ਪਿਤਾ ਵੱਲੋਂ ਵਾਲੰਟੀਅਰ ਕਰਨ ਦੀ ਛੋਟ ਵੇਖੋ।
- ਪੁਲਿਸ ਅਧਿਕਾਰੀ ਜੋ WA ਪੁਲਿਸ ਮੈਂਬਰ ਵਜੋਂ ਕੰਮ ਕਰਦੇ ਹਨ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।